**NHS inform**
Health information you can trust

# ਤੁਹਾਡੀ ਸਥਾਨਕ ਫਾਰਮੇਸੀ ਤੇ NHS Chronic Medication Service (NHS ਚਿਰਕਾਲੀਨ ਦਵਾਈਆਂ ਦੀ ਸੇਵਾ)




ਲੰਬੀ ਅਵਧੀ ਦੀ ਬਿਮਾਰੀ ਵਾਲੇ ਲੋਕਾਂ ਲਈ ਸੇਵਾ

The Scottish Government
Riaghaltas na h-Alba

# ਤੁਹਾਡੀ ਸਥਾਨਕ ਫਾਰਮੇਸੀ ਤੇ NHS Chronic Medication Service (NHS ਚਿਰਕਾਲੀਨ ਦਵਾਈਆਂ ਦੀ ਸੇਵਾ)

**- ਲੰਬੀ ਅਵਧੀ ਦੀ ਬਿਮਾਰੀ ਵਾਲੇ ਲੋਕਾਂ ਲਈ ਸੇਵਾ**

- Chronic Medication Service (CMS) ਲੰਬੀ ਅਵਧੀ ਦੀ ਬਿਮਾਰੀ ਵਾਲੇ ਮਰੀਜ਼ਾਂ ਲਈ NHS ਸੇਵਾ ਹੈ। ਇਹ ਪੂਰੇ ਸਕਾਟਲੈਂਡ ਵਿੱਚ ਫਾਰਮੇਸੀਆਂ ਵਿਖੇ ਉਪਲਬਧ ਹੈ।

ਲੰਬੀ ਅਵਧੀ ਦੀ ਬਿਮਾਰੀ ਇੱਕ ਅਜਿਹੀ ਸਿਹਤ ਸਬੰਧੀ ਸਮੱਸਿਆ ਹੈ ਜਿਸ ਦੇ ਇੱਕ ਸਾਲ ਤੋਂ ਜ਼ਿਆਦਾ ਲੰਬੇ ਸਮੇਂ ਤਕ ਚੱਲਣ ਦੀ ਸੰਭਾਵਨਾ ਹੁੰਦੀ ਹੈ ਅਤੇ ਇਸ ਵਿੱਚ ਨਿਰੰਤਰ ਡਾਕਟਰੀ ਦੇਖਭਾਲ ਦੀ ਲੋੜ ਹੁੰਦੀ ਹੈ, ਜਿਵੇਂ ਕਿ ਉੱਚ ਬਲੱਡ ਪ੍ਰੈਸ਼ਰ ਜਾਂ ਡਾਇਬਿਟੀਜ਼।

- ਇਹ ਕਿਤਾਬਚੀ ਉਸ ਕਿਸੇ ਵੀ ਵਿਅਕਤੀ ਲਈ ਹੈ ਜਿਸ ਨੂੰ ਲੰਬੀ ਅਵਧੀ ਦੀ ਬਿਮਾਰੀ ਹੋਈ ਹੈ। ਇਹ ਤੁਹਾਨੂੰ ਦੱਸਦੀ ਹੈ ਕਿ:
  - ਸੇਵਾ ਕੀ ਹੈ
  - ਤੁਸੀਂ ਸੇਵਾ ਲਈ ਪੰਜੀਕਰਨ ਕਿਵੇਂ ਕਰ ਸਕਦੇ ਹੋ
  - ਉਸ ਵੇਲੇ ਕੀ ਹੁੰਦਾ ਹੈ ਜਦੋਂ ਤੁਸੀਂ ਸੇਵਾ ਲਈ ਪੰਜੀਕਰਨ ਕਰਦੇ ਹੋ
- ਸੇਵਾ ਸਵੈਇੱਛਤ ਹੈ। ਜੇ ਤੁਹਾਨੂੰ ਲੰਬੀ ਅਵਧੀ ਦੀ ਬਿਮਾਰੀ ਹੋਈ ਹੈ, ਤਾਂ ਤੁਸੀਂ ਇਹ ਚੋਣ ਕਰ ਸਕਦੇ ਹੋ ਕੀ ਕਿ ਤੁਸੀਂ ਇਸ ਲਈ ਪੰਜੀਕਰਨ ਕਰਨਾ ਚਾਹੁੰਦੇ ਹੋ ਜਾਂ ਨਹੀਂ।

## ਸੇਵਾ ਮੇਰੇ ਲਈ ਕੀ ਕਰੇਗੀ ?

- ਸੇਵਾ ਉਨ੍ਹਾਂ ਦਵਾਈਆਂ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਮਦਦ ਕਰੇਗੀ ਜੋ ਤੁਸੀਂ ਆਪਣੀ ਬਿਮਾਰੀ ਲਈ ਲੈਂਦੇ ਹੋ।
- ਤੁਹਾਡਾ ਦਵਾਫਰੋਸ਼ ਦਵਾਈਆਂ ਵਿੱਚ ਮਾਹਰ ਹੈ ਅਤੇ ਉਹ ਦਵਾਈਆਂ ਤੋਂ ਵੱਧ ਤੋਂ ਵੱਧ ਫਾਇਦਾ ਪ੍ਰਦਾਨ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਨੇਮਤ ਤੌਰ ਤੇ ਤੁਹਾਡੇ ਨਾਲ ਗੱਲ ਕਰੇਗਾ।

- ਜਦੋਂ ਤੁਸੀਂ ਆਪਣੇ ਦਵਾਫਰੋਸ਼ ਨਾਲ ਗੱਲ ਕਰਦੇ ਹੋ ਤਾਂ ਤੁਹਾਨੂੰ ਉਨ੍ਹਾਂ ਕੋਈ ਵੀ ਚਿੰਤਾਵਾਂ ਬਾਰੇ ਚਰਚਾ ਕਰਨ ਦੇ ਯੋਗ ਕੀਤਾ ਜਾਵੇਗਾ ਜੋ ਕਿ ਤੁਹਾਡੀਆਂ ਆਪਣੀਆਂ ਦਵਾਈਆਂ ਬਾਰੇ ਹਨ।
- ਤੁਹਾਡਾ ਡਾਕਟਰ ਤੁਹਾਡੀ ਡਾਕਟਰੀ ਦੇਖਭਾਲ ਨੂੰ ਪ੍ਰਦਾਨ ਕਰਨਾ ਜਾਰੀ ਰੱਖੇਗਾ।
- ਸੇਵਾ ਦੇ ਤਿੰਨ ਭਾਗ ਹੁੰਦੇ ਹਨ:
  - **ਤੁਹਾਡੀਆਂ ਦਵਾਈਆਂ ਦੀ ਵਰਤੋਂ ਦੀ ਸਮੀਖਿਆ ਕਰਨਾ:** ਜੇ ਤੁਸੀਂ ਸੇਵਾ ਲਈ ਪੰਜੀਕਰਨ ਕਰਦੇ ਹੋ, ਤਾਂ ਤੁਹਾਡਾ ਦਵਾਫਰੋਸ਼ ਇਸ ਦਾ ਨਿਰੀਖਣ ਕਰੇਗਾ ਕਿ ਤੁਸੀਂ ਆਪਣੀਆਂ ਦਵਾਈਆਂ ਦੀ ਵਰਤੋਂ ਕਿਵੇਂ ਕਰਦੇ ਹੋ। ਉਹ ਫੇਰ ਉਨ੍ਹਾਂ ਕੋਈ ਵੀ ਸਮੱਸਿਆਵਾਂ ਬਾਰੇ ਤੁਹਾਡੇ ਨਾਲ ਚਰਚਾ ਕਰੇਗਾ ਜੋ ਕਿ ਤੁਹਾਨੂੰ ਆਪਣੀਆਂ ਦਵਾਈਆਂ ਦੇ ਨਾਲ ਹੋਈਆਂ ਹੋ ਸਕਦੀਆਂ ਹਨ ਅਤੇ ਇਸ ਬਾਰੇ ਚਰਚਾ ਕਰੇਗਾ ਕਿ ਕੀ ਤੁਹਾਨੂੰ CMS ਦੇਖਭਾਲ ਯੋਜਨਾ ਪ੍ਰਾਪਤ ਕਰਨੀ ਚਾਹੀਦੀ ਹੈ ਜਾਂ ਨਹੀਂ।
  - **CMS ਦੇਖਭਾਲ ਯੋਜਨਾ:** ਇਹ ਯੋਜਨਾ ਤੁਹਾਨੂੰ ਜ਼ਿਆਦਾ ਨੇਮਤ ਦੇਖਭਾਲ ਅਤੇ ਤੁਹਾਡੀਆਂ ਦਵਾਈਆਂ ਬਾਰੇ ਸਲਾਹ ਦੇਣ ਵਿੱਚ ਤੁਹਾਡੇ ਦਵਾਫਰੋਸ਼ ਦੀ ਮਦਦ ਕਰਦੀ ਹੈ। ਉਹ ਤੁਹਾਨੂੰ ਤੁਹਾਡੀ ਦੇਖਭਾਲ ਯੋਜਨਾ ਦੀ ਇੱਕ ਨਕਲ ਦੇਵੇਗਾ ਅਤੇ ਇਸ ਬਾਰੇ ਤੁਹਾਡੇ ਡਾਕਟਰ ਨਾਲ ਵੀ ਗੱਲ ਕਰ ਸਕਦਾ ਹੈ।
  - **ਕ੍ਰਮਿਕ ਤਜਵੀਜ਼ਾਂ:** ਤੁਹਾਨੂੰ ਆਪਣੇ ਡਾਕਟਰ ਵਲੋਂ ਕ੍ਰਮਿਕ ਤਜਵੀਜ਼ਾਂ ਪ੍ਰਾਪਤ ਕਰਨ ਦੇ ਯੋਗ ਕੀਤਾ ਜਾ ਸਕਦਾ ਹੈ ਤਾਂ ਕਿ ਤੁਸੀਂ ਲੰਬੀ-ਅਵਧੀ ਦੀ, ਬਾਰ-ਬਾਰ ਹੋਣ ਵਾਲੀ ਤਜਵੀਜ਼ ਤੇ ਕੁਝ ਦਵਾਈਆਂ ਪ੍ਰਾਪਤ ਕਰ ਸਕੋ। ਇਹ ਇੱਕ ਸਧਾਰਨ ਦੋਹਰਾਉਣ ਵਾਲੀ ਤਜਵੀਜ਼ ਹੋਣ ਤੋਂ ਅਲੱਗ ਹੈ। ਕ੍ਰਮਿਕ ਤਜਵੀਜ਼ਾਂ ਬਾਰੇ ਵਧੇਰੀ ਜਾਣਕਾਰੀ ਲਈ ਪੰਨਾ 8 ਦੇਖੋ।

- ਤੁਸੀਂ ਇਸ ਸੇਵਾ ਲਈ ਪੰਜੀਕਰਨ ਕਰ ਸਕਦੇ ਹੋ ਜੇ:
  - ਤੁਸੀਂ ਲੰਬੀ ਅਵਧੀ ਦੀ ਬਿਮਾਰੀ ਦਾ ਇਲਾਜ ਕਰਨ ਲਈ ਨੇਮਤ ਤਜਵੀਜ਼ਾਂ ਲੈਂਦੇ ਹੋ, ਅਤੇ
  - ਤੁਸੀਂ ਸਕਾਟਲੈਂਡ ਵਿੱਚ ਡਾਕਟਰ ਦੀ ਸਰਜਰੀ ਨਾਲ ਪੰਜੀਕ੍ਰਿਤ ਹੁੰਦੇ ਹੋ।
- ਤੁਸੀਂ ਸੇਵਾ ਲਈ ਪੰਜੀਕਰਨ ਨਹੀਂ ਕਰ ਸਕਦੇ ਹੋ ਜੇ:
  - ਤੁਸੀਂ ਸਕਾਟਲੈਂਡ ਵਿੱਚ ਅਸਥਾਈ ਨਿਵਾਸੀ ਹੋ, ਜਾਂ
  - ਤੁਹਾਡਾ ਮੁੱਖ ਜਾਂ ਆਮ ਘਰ ਕੇਅਰ ਹੋਮ ਹੈ।

## ਸੇਵਾ ਦੀ ਵਰਤੋਂ ਕਰਨਾ

### ਮੈਂ ਸੇਵਾ ਲਈ ਪੰਜੀਕਰਨ ਕਿਵੇਂ ਕਰ ਸਕਦਾ/ਦੀ ਹਾਂ ?

- ਜੇ ਤੁਸੀਂ ਸੇਵਾ ਲਈ ਪੰਜੀਕਰਨ ਕਰਨ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਉਸ ਫਾਰਮੇਸੀ ਦੀ ਚੋਣ ਕਰਨ ਦੀ ਲੋੜ ਹੋਵੇਗੀ ਜਿੱਥੇ ਤੁਸੀਂ ਇਸ ਨੂੰ ਕਰਨਾ ਚਾਹੋਗੇ।
- ਆਪਣੀਆਂ ਦਵਾਈਆਂ ਲਈ ਉਸ ਫਾਰਮੇਸੀ ਨਾਲ ਪੰਜੀਕਰਨ ਕਰਨਾ ਇੱਕ ਚੰਗਾ ਵਿਚਾਰ ਹੈ ਜਿੱਥੇ ਤੁਸੀਂ ਆਮ ਤੌਰ ਤੇ ਜਾਂਦੇ ਹੋ ਕਿਉਂਕਿ ਤੁਹਾਡੇ ਦਵਾਫਰੋਸ਼ ਨੂੰ ਪਤਾ ਹੋਵੇਗਾ ਕਿ ਤੁਸੀਂ ਕਿਹੜੀਆਂ ਦਵਾਈਆਂ ਲੈਂਦੇ ਹੋ।
- ਤੁਸੀਂ ਕਿਸੇ ਵੀ ਸਮੇਂ ਤੇ ਪੰਜੀਕਰਨ ਕਰ ਸਕਦੇ ਹੋ – ਤੁਹਾਨੂੰ ਮੁਲਾਕਾਤ ਨਿਰਧਾਰਤ ਕਰਨ ਦੀ ਲੋੜ ਨਹੀਂ ਹੁੰਦੀ ਹੈ।
- ਕਈ ਵਾਰੀ, ਤੁਹਾਡਾ ਡਾਕਟਰ ਇਸ ਸੇਵਾ ਲਈ ਪੰਜੀਕਰਨ ਕਰਨ ਲਈ ਤੁਹਾਨੂੰ ਸਲਾਹ ਦੇ ਸਕਦਾ ਹੈ।
- ਜਦੋਂ ਤੁਸੀਂ ਪੰਜੀਕਰਨ ਕਰਦੇ ਹੋ, ਤੁਹਾਡਾ ਦਵਾਫਰੋਸ਼ ਤੁਹਾਡੇ ਨਾਂ, ਪਤੇ ਅਤੇ ਜਨਮ ਮਿਤੀ ਸਮੇਤ, ਤੁਹਾਨੂੰ ਕੁਝ ਜਾਣਕਾਰੀ ਦੇਣ ਲਈ ਕਹੇਗਾ।
- ਤੁਹਾਨੂੰ ਪੰਜੀਕਰਨ ਫਾਰਮ ਨੂੰ ਭਰਨ ਦੀ ਲੋੜ ਹੋਵੇਗੀ। ਪੰਜੀਕਰਨ ਫਾਰਮ ਵਿੱਚ ਇਹ ਪੁੱਛਿਆ ਜਾਵੇਗਾ ਕਿ ਕੀ:
  - ਤੁਸੀਂ ਆਪਣੀਆਂ ਦਵਾਈਆਂ ਬਾਰੇ ਕੁਝ ਜਾਣਕਾਰੀ ਨੂੰ ਸਾਂਝਾ ਕਰਨ ਲਈ ਆਪਣੇ ਡਾਕਟਰ ਅਤੇ ਦਵਾਫਰੋਸ਼ ਨਾਲ ਰਾਜ਼ੀ ਹੁੰਦੇ ਹੋ।
  - ਤੁਸੀਂ ਸੇਵਾ ਲਈ ਪੰਜੀਕਰਨ ਕਰਨਾ ਚਾਹੁੰਦੇ ਹੋ, ਅਤੇ
  - ਤੁਹਾਨੂੰ ਸਕਾਟਲੈਂਡ ਵਿੱਚ ਡਾਕਟਰ ਦੀ ਸਰਜਰੀ ਨਾਲ ਪੰਜੀਕ੍ਰਿਤ ਕੀਤਾ ਜਾਂਦਾ ਹੈ ਅਤੇ ਤੁਹਾਨੂੰ ਲੰਬੀ ਅਵਧੀ ਦੀ ਬਿਮਾਰੀ ਹੈ।
- NHS ਨਾਲ ਜਾਂ ਉਸ ਲਈ ਕੰਮ ਕਰਨ ਵਾਲੇ ਸਾਰੇ ਸਟਾਫ ਦਾ ਤੁਹਾਡੇ ਬਾਰੇ ਜਾਣਕਾਰੀ ਨੂੰ ਗੁੱਪਤ ਰੱਖਣ ਦਾ ਕਨੂੰਨੀ ਕਰਤੱਵ ਹੋਵੇਗਾ।
- ਤੁਹਾਨੂੰ ਭਰੇ ਹੋਏ ਫਾਰਮ ਤੇ ਹਸਤਾਖਰ ਕਰਨ ਦੀ ਲੋੜ ਹੋਵੇਗੀ। ਤੁਹਾਡਾ ਦਵਾਫਰੋਸ਼ ਵੀ ਇਸ ਤੇ ਹਸਤਾਖਰ ਕਰੇਗਾ ਅਤੇ ਮਿਤੀ ਪਾਵੇਗਾ।
- ਤੁਹਾਡਾ ਦਵਾਫਰੋਸ਼ ਤੁਹਾਡੇ ਡਾਕਟਰ ਨੂੰ ਦੱਸੇਗਾ ਕਿ ਤੁਸੀਂ ਉਨ੍ਹਾਂ ਦੀ ਫਾਰਮੇਸੀ ਵਿਖੇ ਸੇਵਾ ਲਈ ਪੰਜੀਕਰਨ ਕਰਵਾਇਆ ਹੈ।

## ਮੈਂ ਪਹਿਲਾਂ ਤੋਂ ਹੀ ਇੱਕ ਫਾਰਮੇਸੀ ਦੇ ਨਾਲ ਸੇਵਾ ਲਈ ਪੰਜੀਕ੍ਰਿਤ ਹਾਂ ਪਰ ਮੈਂ ਕਿਸੇ ਹੋਰ ਫਾਰਮੇਸੀ ਦੇ ਨਾਲ ਪੰਜੀਕ੍ਰਿਤ ਹੋਣਾ ਚਾਹੁੰਦਾ/ਦੀ ਹਾਂ। ਕੀ ਮੈਂ ਅਜਿਹਾ ਕਰ ਸਕਦਾ/ਦੀ ਹਾਂ?

- ਹਾਂ, ਪਰ ਤੁਸੀਂ ਇੱਕ ਸਮੇਂ ਤੇ ਸਿਰਫ ਇੱਕ ਫਾਰਮੇਸੀ ਦੇ ਨਾਲ ਹੀ ਸੇਵਾ ਲਈ ਪੰਜੀਕਰਨ ਕਰ ਸਕਦੇ ਹੋ।
- ਜਦੋਂ ਤੁਸੀਂ ਨਵੀਂ ਫਾਰਮੇਸੀ ਦੇ ਨਾਲ ਪੰਜੀਕਰਨ ਕਰਦੇ ਹੋ, ਤੁਸੀਂ ਹੋਰ ਸਮੇਂ ਲਈ ਪੁਰਾਣੀ ਫਾਰਮੇਸੀ ਵਿਖੇ ਪੰਜੀਕ੍ਰਿਤ ਨਹੀਂ ਰਹੋਗੇ।

## ਮੈਂ ਹੋਰ ਸਮੇਂ ਲਈ ਸੇਵਾ ਦੀ ਵਰਤੋਂ ਨਹੀਂ ਕਰਨਾ ਚਾਹੁੰਦਾ/ਦੀ ਹਾਂ। ਕੀ ਮੈਂ ਆਪਣੇ ਪੰਜੀਕਰਨ ਨੂੰ ਰੱਦ ਕਰ ਸਕਦਾ/ਦੀ ਹਾਂ?

- ਹਾਂ, ਤੁਸੀਂ ਕਿਸੇ ਵੀ ਸਮੇਂ ਤੇ ਸੇਵਾ ਤੋਂ ਵਾਪਸੀ ਕਰ ਸਕਦੇ ਹੋ।
- ਤੁਹਾਡਾ ਆਪਣੇ ਦਵਾਫਰੋਸ਼ ਨੂੰ ਦੱਸਣਾ ਲਾਜ਼ਮੀ ਹੈ ਕਿ ਤੁਸੀਂ ਵਾਪਸੀ ਕਰਨਾ ਚਾਹੁੰਦੇ ਹੋ। ਉਹ ਤੁਹਾਨੂੰ ਵਾਪਸੀ ਦੇ ਫਾਰਮ ਤੇ ਹਸਤਾਖਰ ਕਰਨ ਲਈ ਕਹਿਣਗੇ।
- ਤੁਹਾਡਾ ਦਵਾਫਰੋਸ਼ ਤੁਹਾਡੇ ਡਾਕਟਰ ਨੂੰ ਦੱਸੇਗਾ ਕਿ ਤੁਸੀਂ ਹੋਰ ਸਮੇਂ ਲਈ ਉਨ੍ਹਾਂ ਦੀ ਫਾਰਮੇਸੀ ਵਿਖੇ ਸੇਵਾ ਲਈ ਪੰਜੀਕ੍ਰਿਤ ਨਹੀਂ ਹੋ।

**ਜੇ ਤੁਸੀਂ ਸੇਵਾ ਲਈ ਪੰਜੀਕਰਨ ਕਰਦੇ ਹੋ, ਤਾਂ ਵੀ ਤੁਸੀਂ ਨੇਮਤ ਤੌਰ ਤੇ ਆਪਣੇ ਡਾਕਟਰ ਨੂੰ ਦਿਖਾਉਣ ਦੇ ਯੋਗ ਹੋਵੋਗੇ।**

## ਤੁਹਾਡੀਆਂ ਦਵਾਈਆਂ ਦੀ ਵਰਤੋਂ ਦੀ ਸਮੀਖਿਆ ਕਰਨਾ

- ਜਦੋਂ ਤੁਸੀਂ ਸੇਵਾ ਲਈ ਪੰਜੀਕ੍ਰਿਤ ਹੁੰਦੇ ਹੋ, ਤੁਹਾਡਾ ਦਵਾਫਰੋਸ਼ ਇਸ ਤੇ ਨਜ਼ਰ ਮਾਰੇਗਾ ਕਿ ਤੁਸੀਂ ਆਪਣੀਆਂ ਦਵਾਈਆਂ ਦੀ ਵਰਤੋਂ ਕਿਵੇਂ ਕਰਦੇ ਹੋ।
- ਤੁਹਾਡਾ ਦਵਾਫਰੋਸ਼ ਆਪਣੀ ਬਿਮਾਰੀ ਲਈ ਤੁਹਾਡੇ ਵਲੋਂ ਲਈ ਜਾਣ ਵਾਲੀਆਂ ਦਵਾਈਆਂ ਬਾਰੇ ਅਤੇ ਉਨ੍ਹਾਂ ਤੋਂ ਹੋਣ ਵਾਲੀ ਕਿਸੇ ਵੀ ਸਮੱਸਿਆ ਬਾਰੇ ਪੁੱਛੇਗਾ।
- ਤੁਹਾਡਾ ਦਵਾਫਰੋਸ਼ ਅਜਿਹਾ ਤੁਹਾਡੇ ਵਲੋਂ ਪੰਜੀਕਰਨ ਕਰਦੇ ਸਮੇਂ, ਜਦੋਂ ਤੁਹਾਨੂੰ ਅੱਗੇ ਆਪਣੀਆਂ ਦਵਾਈਆਂ ਵਿੱਚੋਂ ਕਿਸੇ ਇੱਕ ਦੀ ਲੋੜ ਹੁੰਦੀ ਹੈ ਉਸ ਵੇਲੇ, ਜਾਂ ਉਸ ਕਿਸੇ ਵੀ ਸਮੇਂ ਤੇ ਕਰ ਸਕਦਾ ਹੈ ਜੋ ਕਿ ਤੁਹਾਡੇ ਲਈ ਉੱਚਿਤ ਹੁੰਦਾ ਹੈ।
- ਤੁਹਾਡਾ ਦਵਾਫਰੋਸ਼ ਫੇਰ ਇਹ ਫੈਸਲਾ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ ਕਿ ਕੀ CMS ਦੇਖਭਾਲ ਯੋਜਨਾ ਤੁਹਾਡੀਆਂ ਦਵਾਈਆਂ ਨਾਲ ਤੁਹਾਡੀ ਮਦਦ ਕਰੇਗੀ।

## CMS ਦੇਖਭਾਲ ਯੋਜਨਾ

### CMS ਦੇਖਭਾਲ ਯੋਜਨਾ ਕੀ ਹੈ ?

- ਜੇ ਤੁਹਾਡੇ ਦਵਾਫਰੋਸ਼ ਨੂੰ ਲੱਗਦਾ ਹੈ ਕਿ CMS ਦੇਖਭਾਲ ਯੋਜਨਾ ਤੁਹਾਡੀਆਂ ਦਵਾਈਆਂ ਨਾਲ ਤੁਹਾਡੀ ਮਦਦ ਕਰੇਗੀ, ਤਾਂ ਉਹ ਹੇਠਾਂ ਦਿੱਤੇ ਚਿੰਨ੍ਹਾਂ ਨੂੰ ਕਰਣਗੇ:
  - ਉਨ੍ਹਾਂ ਕੋਈ ਵੀ ਸਮੱਸਿਆਵਾਂ ਬਾਰੇ ਤੁਹਾਨੂੰ ਪੁੱਛਣਗੇ ਜੋ ਕਿ ਤੁਹਾਨੂੰ ਆਪਣੀਆਂ ਦਵਾਈਆਂ ਦੇ ਨਾਲ ਹਨ।
  - ਇਸ ਬਾਰੇ ਤੁਹਾਡੇ ਨਾਲ ਗੱਲ ਕਰੇਗਾ ਕਿ ਤੁਸੀਂ ਸਮੱਸਿਆਵਾਂ ਬਾਰੇ ਕੀ ਕਰਨਾ ਚਾਹੁੰਦੇ ਹੋ ਅਤੇ ਤੁਹਾਨੂੰ ਦੋਹਾਂ ਨੂੰ ਕੀ ਕਰਨਾ ਚਾਹੀਦਾ ਹੈ, ਅਤੇ
  - ਤੁਹਾਡੇ ਨਾਲ ਦੇਖਭਾਲ ਯੋਜਨਾ ਦੀ ਸਮੀਖਿਆ ਅਤੇ ਉਸ ਨੂੰ ਅਪਡੇਟ ਕਰੇਗਾ।
- ਤੁਹਾਡੀ CMS ਦੇਖਭਾਲ ਯੋਜਨਾ ਵਿੱਚ ਇਹ ਸ਼ਾਮਲ ਹੋਵੇਗਾ:
  - ਉਨ੍ਹਾਂ ਕੋਈ ਵੀ ਸਮੱਸਿਆਵਾਂ ਬਾਰੇ ਜਾਣਕਾਰੀ ਜੋ ਕਿ ਤੁਹਾਨੂੰ ਆਪਣੀਆਂ ਦਵਾਈਆਂ ਦੇ ਨਾਲ ਹੋਈਆਂ ਹੋ ਸਕਦੀਆਂ ਹਨ, ਉਦਾਹਰਨ ਲਈ, ਮਾੜੇ-ਪ੍ਰਭਾਵ, ਗੋਲੀਆਂ ਨੂੰ ਨਿਗਲਣ ਜਾਂ ਇਹ ਯਾਦ ਰੱਖਣ ਵਿੱਚ ਮੁਸ਼ਕਲ ਹੋਣਾ ਕਿ ਉਨ੍ਹਾਂ ਨੂੰ ਕਦੋਂ ਲੈਣਾ ਹੈ
  - ਤੁਹਾਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਤੁਹਾਡਾ ਦਵਾਫਰੋਸ਼ ਕੀ ਕਰਨਾ ਪਸੰਦ ਕਰੇਗਾ, ਉਦਾਹਰਨ ਲਈ ਤੁਹਾਡੇ ਲਈ ਆਪਣੀਆਂ ਦਵਾਈਆਂ ਨੂੰ ਲੈਣਾ ਅਸਾਨ ਬਣਾਉਂਦਾ ਹੈ

- ਤੁਹਾਡੇ ਦਵਾਫਰੋਸ਼ ਅਤੇ ਤੁਹਾਨੂੰ ਕੀ ਲੱਗਦਾ ਹੈ ਕਿ ਤੁਹਾਨੂੰ ਦੋਹਾਂ ਨੂੰ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਕੀ ਕਰਨ ਦੀ ਲੋੜ ਹੁੰਦੀ ਹੈ ਅਤੇ ਇਹ ਕਿਸ ਨੂੰ ਕਰਨਾ ਚਾਹੀਦਾ ਹੈ – ਉਦਾਹਰਨ ਲਈ, ਆਪਣੀਆਂ ਗੋਲੀਆਂ ਨੂੰ ਅਸਾਨੀ ਨਾਲ ਨਿਗਲਣ ਵਾਲੇ ਕੈਪਸੂਲਾਂ ਜਾਂ ਤਰਲ ਪਦਾਰਥ ਵਿੱਚ ਬਦਲਣ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ, ਅਤੇ
- ਇਸ ਦਾ ਰਿਕਾਰਡ ਕਿ ਸਮੱਸਿਆਵਾਂ ਨੂੰ ਕਦੋਂ ਹੱਲ ਕੀਤਾ ਗਿਆ ਹੈ ਅਤੇ ਕੀ ਕੁਝ ਹੋਰ ਕੀਤੇ ਜਾਣ ਦੀ ਲੋੜ ਹੁੰਦੀ ਹੈ।

- ਤੁਹਾਡਾ ਦਵਾਫਰੋਸ਼ ਤੁਹਾਡੇ ਨਾਲ ਤੁਹਾਡੀ CMS ਦੇਖਭਾਲ ਯੋਜਨਾ ਤੇ ਕੰਮ ਕਰੇਗਾ। ਉਹ ਤੁਹਾਡੇ ਡਾਕਟਰ ਨਾਲ ਦੇਖਭਾਲ ਯੋਜਨਾ ਤੋਂ ਥੋੜ੍ਹੀ ਜਾਣਕਾਰੀ ਨੂੰ ਸਾਂਝਾ ਕਰ ਸਕਦੇ ਹਨ। ਤੁਹਾਡਾ ਡਾਕਟਰ, ਤੁਹਾਡੇ ਨਾਲ, ਤੁਹਾਡੀਆਂ ਦਵਾਈਆਂ ਵਿੱਚ ਕੋਈ ਵੀ ਤਬਦੀਲੀਆਂ ਬਾਰੇ ਫੈਸਲਾ ਕਰੇਗਾ।
- CMS ਦੇਖਭਾਲ ਯੋਜਨਾਵਾਂ ਦਾ ਕੰਪਿਊਟਰ ਤੇ ਸੁਰੱਖਿਅਤ ਢੰਗ ਨਾਲ ਆਯੋਜਨ ਕੀਤਾ ਜਾਂਦਾ ਹੈ।
- ਸਿਰਫ ਦਵਾਫਰੋਸ਼ ਹੀ ਤੁਹਾਡੀ ਦੇਖਭਾਲ ਯੋਜਨਾ ਨੂੰ ਦੇਖ ਸਕਦਾ ਹੈ।
- ਤੁਹਾਡਾ ਦਵਾਫਰੋਸ਼ ਤੁਹਾਡੀ CMS ਦੇਖਭਾਲ ਯੋਜਨਾ ਦੀ ਇੱਕ ਕਾਗਜ਼ੀ ਨਕਲ ਤੁਹਾਨੂੰ ਦੇਵੇਗਾ।
- ਤੁਹਾਡਾ ਦਵਾਫਰੋਸ਼ ਤੁਹਾਨੂੰ ਉਨ੍ਹਾਂ ਦੇ ਨਾਂ ਅਤੇ ਸੰਪਰਕ ਵੇਰਵੇ ਦੇਵੇਗਾ ਤਾਂ ਕਿ ਜੇ ਤੁਹਾਡਾ ਆਪਣੀ ਦੇਖਭਾਲ ਯੋਜਨਾ ਬਾਰੇ ਕੋਈ ਸੁਆਲ ਜਾਂ ਚਿੰਤਾ ਹੈ ਤਾਂ ਤੁਸੀਂ ਉਨ੍ਹਾਂ ਨਾਲ ਸੰਪਰਕ ਕਰ ਸਕੋ।

## ਉਦੋਂ ਕੀ ਹੁੰਦਾ ਹੈ ਜਦੋਂ ਮੇਰੇ ਕੋਲ CMS ਦੇਖਭਾਲ ਯੋਜਨਾ ਹੁੰਦੀ ਹੈ ?

- ਤੁਹਾਡਾ ਦਵਾਫਰੋਸ਼ ਨੇਮਤ ਤੌਰ ਤੇ ਤੁਹਾਡੇ ਨਾਲ ਤੁਹਾਡੀ CMS ਦੇਖਭਾਲ ਯੋਜਨਾ ਦੀ ਸਮੀਖਿਆ ਕਰੇਗਾ।
- ਉਹ ਉਸ ਵੇਲੇ ਆਮ ਤੌਰ ਤੇ ਤੁਹਾਡੀ ਦੇਖਭਾਲ ਯੋਜਨਾ ਤੇ ਨਜ਼ਰ ਮਾਰਣਗੇ ਜਦੋਂ ਤੁਸੀਂ ਕੋਈ ਤਜਵੀਜ਼ ਪ੍ਰਾਪਤ ਕਰਦੇ ਹੋ।
- ਕਈ ਵਾਰੀ, ਤੁਹਾਡਾ ਦਵਾਫਰੋਸ਼ ਤੁਹਾਡੀ ਦੇਖਭਾਲ ਯੋਜਨਾ ਬਾਰੇ ਤੁਹਾਡੇ ਨਾਲ ਗੱਲ ਕਰਨ ਲਈ ਕਹਿ ਸਕਦਾ ਹੈ।

- ਉਹ ਹਮੇਸ਼ਾ ਤੁਹਾਡੇ ਨਾਲ ਇਕੱਲਿਆਂ ਗੱਲ ਕਰਣਗੇ।
- ਤੁਹਾਡਾ ਦਵਾਫਰੋਸ਼ ਇਹ ਯਕੀਨੀ ਬਣਾਉਣ ਲਈ ਤੁਹਾਡੀ ਦੇਖਭਾਲ ਯੋਜਨਾ ਦੀ ਜਾਂਚ ਕਰੇਗਾ ਕਿ ਇਹ ਉਨ੍ਹਾਂ ਕੋਈ ਵੀ ਸਮੱਸਿਆਵਾਂ ਨਾਲ ਵਿਹਾਰ ਕਰਨ ਵਿੱਚ ਤੁਹਾਡੀ ਮਦਦ ਕਰ ਰਹੀ ਹੈ ਜੋ ਕਿ ਤੁਹਾਨੂੰ ਆਪਣੀਆਂ ਦਵਾਈਆਂ ਦੇ ਨਾਲ ਹਨ।
- ਤੁਹਾਡਾ ਦਵਾਫਰੋਸ਼ ਉਸ ਵੇਲੇ ਤੁਹਾਡੀ ਦੇਖਭਾਲ ਯੋਜਨਾ ਨੂੰ ਅਪਡੇਟ ਕਰੇਗਾ ਜਦੋਂ ਤੁਹਾਡੀ ਸਿਹਤ ਸਬੰਧੀ ਦੇਖਭਾਲ ਨੂੰ ਬਦਲਣ ਦੀ ਲੋੜ ਹੁੰਦੀ ਹੈ। ਤੁਹਾਡਾ ਡਾਕਟਰ ਕੋਈ ਵੀ ਤਬਦੀਲੀਆਂ ਬਾਰੇ ਫੈਸਲਾ ਕਰੇਗਾ।
- CMS ਦੇਖਭਾਲ ਯੋਜਨਾਵਾਂ ਬਾਰੇ ਵਧੇਰੀ ਜਾਣਕਾਰੀ ਪ੍ਰਾਪਤ ਕਰਨ ਲਈ, ਆਪਣੇ ਦਵਾਫਰੋਸ਼ ਨਾਲ ਗੱਲ ਕਰੋ।

## ਕ੍ਰਮਿਕ ਤਜਵੀਜ਼ਾਂ

### ਕ੍ਰਮਿਕ ਤਜਵੀਜ਼ ਕੀ ਹੁੰਦੀ ਹੈ ?

- ਕ੍ਰਮਿਕ ਤਜਵੀਜ਼ ਉਨ੍ਹਾਂ ਦਵਾਈਆਂ ਲਈ ਤਜਵੀਜ਼ ਹੁੰਦੀ ਹੈ ਜਿਨ੍ਹਾਂ ਦੀ ਤੁਹਾਨੂੰ ਆਪਣੀ ਲੰਬੀ ਅਵਧੀ ਦੀ ਬਿਮਾਰੀ ਦਾ ਇਲਾਜ ਕਰਨ ਲਈ ਲੋੜ ਹੁੰਦੀ ਹੈ।
- ਇਹ ਆਮ ਤਜਵੀਜ਼ ਵਾਂਗ ਦਿਖਾਈ ਦਿੰਦੀ ਹੈ ਪਰ 24 ਤੋਂ 56 ਹਫਤਿਆਂ ਤਕ ਚਲਦੀ ਹੈ।
- ਕ੍ਰਮਿਕ ਤਜਵੀਜ਼ ਦੇ ਨਾਲ, ਤੁਸੀਂ ਸਿੱਧਾ ਉਸ ਫਾਰਮੇਸੀ ਤੋਂ ਦਵਾਈਆਂ ਪ੍ਰਾਪਤ ਕਰ ਸਕਦੇ ਹੋ ਜਿੱਥੇ ਤੁਸੀਂ ਪੰਜੀਕ੍ਰਿਤ ਹੁੰਦੇ ਹੋ। ਤੁਹਾਨੂੰ ਡਾਕਟਰ ਨੂੰ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

- ਤੁਸੀਂ ਕ੍ਰਮਿਕ ਤਜਵੀਜ਼ ਪ੍ਰਾਪਤ ਕਰ ਸਕਦੇ ਹੋ ਜੇ:
  - ਡਾਕਟਰ ਇਹ ਫੈਸਲਾ ਕਰਦਾ ਹੈ ਕਿ ਇਹ ਤੁਹਾਡੇ ਅਤੇ ਉਸ ਬਿਮਾਰੀ ਲਈ, ਜੋ ਕਿ ਤੁਹਾਨੂੰ ਹੈ, ਸਹੀ ਤਰ੍ਹਾਂ ਦੀ ਤਜਵੀਜ਼ ਹੈ।

- ਜੇ ਤੁਹਾਡਾ ਡਾਕਟਰ ਤੁਹਾਨੂੰ ਕ੍ਰਮਿਕ ਤਜਵੀਜ਼ ਦਿੰਦਾ ਹੈ, ਤਾਂ ਤੁਹਾਡਾ ਫਾਰਮੇਸੀ ਵਿਖੇ ਇਸ ਨੂੰ ਲਿਜਾਉਣਾ ਲਾਜ਼ਮੀ ਹੈ ਜਿੱਥੇ ਤੁਸੀਂ ਸੇਵਾ ਲਈ ਪੰਜੀਕਰਨ ਕਰਵਾਇਆ ਹੈ।
- ਤੁਹਾਡਾ ਡਾਕਟਰ ਇਹ ਫੈਸਲਾ ਕਰੇਗਾ ਕਿ ਤੁਹਾਨੂੰ ਆਪਣੀ ਕ੍ਰਮਿਕ ਤਜਵੀਜ਼ ਤੇ ਦਵਾਈਆਂ ਨੂੰ ਕਿੰਨੀ ਵਾਰੀ ਇਕੱਤਰ ਕਰਨਾ ਚਾਹੀਦਾ ਹੈ, ਉਦਾਹਰਨ ਲਈ ਹਰ ਚਾਰ ਜਾਂ ਅੱਠ ਹਫਤਿਆਂ ਬਾਅਦ।
- ਤੁਹਾਡਾ ਦਵਾਫਰੋਸ਼ ਤੁਹਾਡੀ ਕ੍ਰਮਿਕ ਤਜਵੀਜ਼ ਨੂੰ ਫਾਰਮੇਸੀ ਵਿੱਚ ਰੱਖੇਗਾ। ਉਨ੍ਹਾਂ ਨੂੰ ਉਦੋਂ ਤੁਹਾਡੇ ਲਈ ਤੁਹਾਡੀ ਤਜਵੀਜ਼ ਨੂੰ ਤਿਆਰ ਰੱਖਣਾ ਚਾਹੀਦਾ ਹੈ ਜਦੋਂ ਤੁਹਾਨੂੰ ਇਸ ਦੀ ਲੋੜ ਹੁੰਦੀ ਹੈ, ਇਸ ਤਰ੍ਹਾਂ ਤੁਹਾਨੂੰ ਫਾਰਮੇਸੀ ਵਿੱਚ ਉਡੀਕ ਕਰਨ ਦੀ ਲੋੜ ਨਹੀਂ ਹੁੰਦੀ ਹੈ।
- ਤੁਸੀਂ ਉਦੋਂ ਤੋਂ ਲੈ ਕੇ ਕੁੱਝ ਦਿਨਾਂ ਦੇ ਅੰਦਰ ਤੁਹਾਡੀ ਕ੍ਰਮਿਕ ਤਜਵੀਜ਼ ਤੋਂ ਦਵਾਈਆਂ ਇਕੱਤਰ ਕਰਨ ਦੇ ਯੋਗ ਹੋਵੋਗੇ ਜਦੋਂ ਤੁਹਾਨੂੰ ਉਨ੍ਹਾਂ ਦੀ ਲੋੜ ਹੁੰਦੀ ਹੈ, ਜਿਵੇਂ ਕਿ ਤੁਸੀਂ ਹੁਣ ਕਰਦੇ ਹੋ।
- ਤੁਸੀਂ ਸਮੇਂ ਤੋਂ ਪਹਿਲਾਂ ਵੀ ਆਪਣੀ ਤਜਵੀਜ਼ ਨੂੰ ਇਕੱਤਰ ਕਰ ਸਕਦੇ ਹੋ, ਜਾਂ ਆਮ ਨਾਲੋਂ ਜ਼ਿਆਦਾ ਲੈ ਸਕਦੇ ਹੋ, ਉਦਾਹਰਨ ਲਈ ਕਿਉਂਕਿ ਤੁਸੀਂ ਛੁੱਟੀਆਂ ਤੇ ਜਾ ਰਹੇ ਹੋ। ਜੇ ਤੁਹਾਨੂੰ ਇਸ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਆਪਣੇ ਦਵਾਫਰੋਸ਼ ਨੂੰ ਦੱਸਣਾ ਚਾਹੀਦਾ ਹੈ ਤਾਂ ਕਿ ਉਹ ਉਸ ਨੂੰ ਤਿਆਰ ਕਰ ਸਕੇ ਜਿਸ ਦੀ ਤੁਹਾਨੂੰ ਲੋੜ ਹੁੰਦੀ ਹੈ।
- ਹਰ ਵਾਰੀ ਜਦੋਂ ਤੁਸੀਂ ਆਪਣੀ ਤਜਵੀਜ਼ ਇਕੱਤਰ ਕਰਦੇ ਹੋ, ਤੁਹਾਡਾ ਦਵਾਫਰੋਸ਼ ਤੁਹਾਡੇ ਡਾਕਟਰ ਨੂੰ ਦੱਸੇਗਾ।
- ਤੁਹਾਡਾ ਡਾਕਟਰ ਤੁਹਾਡੀ ਕ੍ਰਮਿਕ ਤਜਵੀਜ਼ ਨੂੰ ਬੰਦ ਕਰ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਡਾਕਟਰ ਤੁਹਾਨੂੰ ਅਤੇ ਤੁਹਾਡੇ ਦਵਾਫਰੋਸ਼ ਨੂੰ ਦੱਸੇਗਾ। ਤੁਹਾਡਾ ਦਵਾਫਰੋਸ਼ ਤੁਹਾਨੂੰ ਉਹ ਦਵਾਈਆਂ ਨਹੀਂ ਦੇ ਸਕਦਾ ਹੈ ਜੋ ਕਿ ਤੁਹਾਡੀ ਕ੍ਰਮਿਕ ਤਜਵੀਜ਼ ਤੇ ਅੱਗੇ ਹੋਰ ਸਮੇਂ ਲਈ ਨਹੀਂ ਹੁੰਦੀਆਂ ਹਨ।
- 24 ਜਾਂ 56 ਹਫਤਿਆਂ ਦੇ ਅੰਤ ਤੇ, ਤੁਹਾਡਾ ਦਵਾਫਰੋਸ਼ ਕ੍ਰਮਿਕ ਤਜਵੀਜ਼ ਦੇ ਫਾਰਮ ਤੇ ਤੁਹਾਨੂੰ ਹਸਤਾਖਰ ਕਰਨ ਲਈ ਕਹੇਗਾ।
- ਉਹ ਫੇਰ ਤੁਹਾਡੇ ਡਾਕਟਰ ਨੂੰ ਦੱਸਣਗੇ ਕਿ ਤੁਹਾਡੀ ਕ੍ਰਮਿਕ ਤਜਵੀਜ਼ ਤੇ ਕੋਈ ਵੀ ਦਵਾਈਆਂ ਬਚੀਆਂ ਨਹੀਂ ਹਨ। ਤੁਹਾਡਾ ਦਵਾਫਰੋਸ਼ ਇੱਕ ਨਵੀਂ ਕ੍ਰਮਿਕ ਤਜਵੀਜ਼ ਲਈ ਤੁਹਾਡੇ ਡਾਕਟਰ ਨੂੰ ਕਹਿ ਸਕਦਾ ਹੈ, ਜਾਂ ਤੁਹਾਡੇ ਡਾਕਟਰ ਦੀ ਸਰਜਰੀ ਤੇ ਲੈ ਕੇ ਜਾਣ ਲਈ ਤੁਹਾਨੂੰ ਰੀ-ਆਰਡਰ ਫਾਰਮ ਦੇ ਸਕਦਾ ਹੈ।

- ਤੁਹਾਡਾ ਡਾਕਟਰ ਇੱਕ ਨਵੀਂ ਕ੍ਰਮਿਕ ਤਜਵੀਜ਼ ਨੂੰ ਤਿਆਰ ਕਰ ਸਕਦਾ ਹੈ। ਅਜਿਹਾ ਕਰਨ ਤੋਂ ਪਹਿਲਾਂ, ਉਹ ਤੁਹਾਡੀ ਜਾਂਚ ਕਰਨ ਲਈ ਕਹਿ ਸਕਦਾ ਹੈ।

- ਤੁਹਾਡਾ ਡਾਕਟਰ ਇਹ ਫੈਸਲਾ ਕਰ ਸਕਦਾ ਹੈ ਕਿ ਤੁਹਾਡੀਆਂ ਕੁਝ ਦਵਾਈਆਂ ਕ੍ਰਮਿਕ ਤਜਵੀਜ਼ ਲਈ ਉੱਚਿਤ ਨਹੀਂ ਹਨ। ਉਦਾਹਰਨ ਲਈ, ਤੁਹਾਨੂੰ ਬੱਸ ਕਦੇ-ਕਦਾਈ ਉਨ੍ਹਾਂ ਦੀ ਲੋੜ ਹੋ ਸਕਦੀ ਹੈ - ਹਰ ਵੇਲੇ ਨਹੀਂ। ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਡਾ ਡਾਕਟਰ ਇੱਕ ਆਮ ਤਜਵੀਜ਼ ਤੇ ਤੁਹਾਨੂੰ ਉਹ ਦੇਣਾ ਜਾਰੀ ਰੱਖੇਗਾ।
- ਜੇ ਡਾਕਟਰ ਤੁਹਾਨੂੰ ਉਸ ਦਵਾਈ ਲਈ ਤਜਵੀਜ਼ ਦਿੰਦਾ ਹੈ ਜੋ ਕਿ ਤੁਹਾਡੀ ਕ੍ਰਮਿਕ ਤਜਵੀਜ਼ ਤੇ ਨਹੀਂ ਹੈ, ਤਾਂ ਤੁਸੀਂ ਕਿਸੇ ਵੀ ਫਾਰਮੇਸੀ ਤੋਂ ਇਸ ਨੂੰ ਇਕੱਤਰ ਕਰ ਸਕਦੇ ਹੋ।
- ਤੁਹਾਨੂੰ ਉਸ ਫਾਰਮੇਸੀ ਤੋਂ ਇਸ ਨੂੰ ਲੈਣ ਦੀ ਲੋੜ ਨਹੀਂ ਹੁੰਦੀ ਹੈ ਜਿਸ ਨਾਲ ਤੁਸੀਂ ਸੇਵਾ ਲਈ ਪੰਜੀਕ੍ਰਿਤ ਹੁੰਦੇ ਹੋ।
- ਪਰ ਇਹ ਤੁਹਾਡੇ ਅਤੇ ਤੁਹਾਡੇ ਦਵਾਫਰੋਸ਼ ਲਈ ਮਦਦਗਾਰ ਹੁੰਦਾ ਹੈ ਜੇ ਤੁਸੀਂ ਇੱਕ ਹੀ ਫਾਰਮੇਸੀ ਤੋਂ ਆਪਣੀਆਂ ਸਾਰੀਆਂ ਤਜਵੀਜ਼ਾਂ ਨੂੰ ਪ੍ਰਾਪਤ ਕਰ ਸਕਦੇ ਹੋ।
- ਜੇ ਤੁਸੀਂ ਕਿਸੇ ਹੋਰ ਡਾਰਟਰ ਦੀ ਸਰਜਰੀ ਵਿੱਚ ਜਾਂਦੇ ਹੋ, ਤਾਂ ਤੁਹਾਨੂੰ ਪੁਰਾਣੀ ਸਰਜਰੀ ਨੂੰ ਇਹ ਦੱਸਣਾ ਚਾਹੀਦਾ ਹੈ ਤਾਂ ਕਿ ਉਹ ਤੁਹਾਡੀ ਕ੍ਰਮਿਕ ਤਜਵੀਜ਼ ਨੂੰ ਰੱਦ ਕਰ ਸਕਣ।

**ਇੱਥੋਂ ਤਕ ਕਿ ਜੇ ਤੁਸੀਂ ਕ੍ਰਮਿਕ ਤਜਵੀਜ਼ ਲਈ ਪਾੱਤਰ ਨਹੀਂ ਹੁੰਦੇ ਹੋ, ਤਾਂ ਵੀ ਤੁਸੀਂ ਸੇਵਾ ਤੋਂ ਫਾਇਦਾ ਚੁੱਕ ਸਕਦੇ ਹੋ। ਤੁਸੀਂ ਹਾਲੇ ਵੀ ਸੇਵਾ ਦੇ ਹੋਰ ਹਿੱਸਿਆਂ ਦੀ ਵਰਤੋਂ ਕਰ ਸਕਦੇ ਹੋ, ਜਿਵੇਂ ਕਿ ਦੇਖਭਾਲ ਯੋਜਨਾ।**

## ਜੇ ਮੇਰੇ ਕੋਲ ਇੱਕ ਕ੍ਰਮਿਕ ਤਜਵੀਜ਼ ਹੈ, ਕੀ ਮੈਂ ਹਾਲੇ ਵੀ ਆਪਣੇ ਡਾਕਟਰ ਕੋਲ ਜਾ ਸਕਦਾ/ਦੀ ਹਾਂ ਜੇ ਮੈਨੂੰ ਲੋੜ ਹੁੰਦੀ ਹੈ ?

- ਹਾਂ, ਤੁਸੀਂ ਉਦੋਂ ਕਿਸੇ ਵੀ ਸਮੇਂ ਤੇ ਆਪਣੇ ਡਾਕਟਰ ਨੂੰ ਦਿਖਾਉਣ ਲਈ ਮੁਲਾਕਾਤ ਨਿਰਧਾਰਤ ਕਰ ਸਕਦੇ ਹੋ ਜਦੋਂ ਤੁਸੀਂ ਚਾਹੁੰਦੇ ਹੋ।
- ਤੁਹਾਡਾ ਦਵਾਫਰੋਸ਼ ਵੀ ਤੁਹਾਨੂੰ ਇਹ ਦੱਸ ਸਕਦਾ ਹੈ ਕਿ ਤੁਹਾਨੂੰ ਡਾਕਟਰ ਨੂੰ ਦਿਖਾਉਣ ਦੀ ਲੋੜ ਹੈ, ਉਦਾਹਰਨ ਲਈ ਜੇ ਤੁਹਾਡੀ ਬਿਮਾਰੀ ਹੋਰ ਭੈੜੀ ਸਥਿਤੀ ਵਿੱਚ ਹੋ ਜਾਂਦੀ ਹੈ।

## ਇੱਕ ਵਾਰੀ ਸੇਵਾ ਲਈ ਮੇਰੇ ਪੰਜੀਕ੍ਰਿਤ ਹੋਣ ਤੇ ਕੀ ਮੈਂ ਹੋਰ ਫਾਰਮੇਸੀਆਂ ਵਿੱਚ ਜਾ ਸਕਦਾ/ਦੀ ਹਾਂ ?

- ਹਾਂ। ਤੁਹਾਨੂੰ ਸੇਵਾ ਦੀ ਵਰਤੋਂ ਕਰਨ ਲਈ ਉਸ ਫਾਰਮੇਸੀ ਵਿੱਚ ਜਾਣ ਦੀ ਲੋੜ ਹੋਵੇਗੀ ਜਿਸ ਨਾਲ ਤੁਸੀਂ ਪੰਜੀਕ੍ਰਿਤ ਹੋਏ ਹੋ। ਪਰ ਤੁਸੀਂ ਦਵਾਈਆਂ ਖਰੀਦਣ ਜਾਂ ਹੋਰ ਤਜਵੀਜ਼ਾਂ ਇਕੱਤਰ ਕਰਨ ਲਈ ਕਿਸੇ ਵੀ ਫਾਰਮੇਸੀ ਵਿੱਚ ਜਾ ਸਕਦੇ ਹੋ।

## ਕੀ ਹੁੰਦਾ ਹੈ ਜੇ ਮੈਂ ਉਸ ਸੇਵਾ ਤੋਂ ਨਾਖੁਸ਼ ਹੁੰਦਾ/ਦੀ ਹਾਂ ਜੋ ਕਿ ਮੈਂ ਫਾਰਮੇਸੀ ਤੋਂ ਪ੍ਰਾਪਤ ਕੀਤੀ ਹੈ ?

- ਜੇ ਤੁਸੀਂ ਕਰ ਸਕਦੇ ਹੋ, ਤਾਂ ਪਹਿਲਾਂ ਆਪਣੇ ਦਵਾਫਰੋਸ਼ ਨਾਲ ਗੱਲ ਕਰੋ ਇਸ ਤਰ੍ਹਾਂ ਉਹ ਉਸੇ ਵੇਲੇ ਤੁਹਾਡੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ।
- ਜੇ ਤੁਸੀਂ ਅਜਿਹਾ ਨਹੀਂ ਕਰ ਸਕਦੇ ਹੋ, ਜਾਂ ਜੇ ਤੁਸੀਂ ਪਹਿਲਾਂ ਤੋਂ ਹੀ ਆਪਣੇ ਦਵਾਫਰੋਸ਼ ਨਾਲ ਗੱਲ ਕੀਤੀ ਹੈ ਅਤੇ ਹਾਲੇ ਵੀ ਨਾਖੁਸ਼ ਹੋ, ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ। ਕਿਤਾਬਚੀ **Giving feedback or making a complaint about the NHS** ਇਹ ਵਿਆਖਿਆ ਕਰਦੀ ਹੈ ਕਿ ਇਸ ਨੂੰ ਕਿਵੇਂ ਕਰਨਾ ਹੈ। ਤੁਸੀਂ 0800 22 44 88 ਤੇ NHS ਇੰਫਾਰਮ ਹੈਲਪਲਾਇਨ ਤੇ ਫੋਨ ਕਰਨ ਜਾਂ ਇੰਟਰਨੈਟ (www.hris.org.uk) ਤੇ ਜਾਣ ਦੁਆਰਾ, ਉਨ੍ਹਾਂ ਜ਼ਿਆਦਾਤਰ ਥਾਵਾਂ ਤੋਂ ਇਹ ਕਿਤਾਬਚੀ ਲੈ ਸਕਦੇ ਹੋ, ਜਿੱਥੇ ਤੁਸੀਂ NHS ਦੇਖਭਾਲ ਪ੍ਰਾਪਤ ਕਰਦੇ ਹੋ।

## ਵਧੇਰੀ ਜਾਣਕਾਰੀ ਕਿਵੇਂ ਪ੍ਰਾਪਤ ਕਰਨੀ ਹੈ

ਇਸ ਕਿਤਾਬਚੀ ਵਿੱਚ ਦੱਸੀ ਗਈ ਕਿਸੇ ਵੀ ਗੱਲ ਬਾਰੇ ਵਧੇਰੀ ਜਾਣਕਾਰੀ ਲਈ, ਸੰਪਰਕ ਕਰੋ:

- ਆਪਣੀ ਸਥਾਨਕ ਫਾਰਮੇਸੀ
- ਆਪਣੇ ਡਾਕਟਰ ਜਾਂ ਆਪਣੀ ਦੇਖਭਾਲ ਵਿੱਚ ਸ਼ਾਮਲ NHS ਸਟਾਫ ਦਾ ਸਦੱਸ
- 0800 22 44 88 ਤੇ NHS ਇੰਫਾਰਮ ਹੈਲਪਲਾਇਨ (ਲੈਂਡਲਾਇਨ ਤੋਂ ਕੀਤੀਆਂ ਜਾਣ ਵਾਲੀਆਂ ਕਾਲਾਂ ਮੁਫਤ ਹਨ), ਜਾਂ
- ਤੁਹਾਡੇ ਸਥਾਨਕ ਨਾਗਰਕ ਸਲਾਹ ਬਿਉਰੋ ਵਿਖੇ ਮਰੀਜ਼ ਸਲਾਹ ਅਤੇ ਸਮਰਥਨ ਸੇਵਾ (PASS) (ਇੰਟਰਨੈਟ ਰਾਹੀਂ www.cas.org.uk ਤੇ ਜਾਂ ਆਪਣੀ ਸਥਾਨਕ ਫੋਨ ਬੁਕ ਵਿੱਚ ਆਪਣੇ ਨਜ਼ਦੀਕੀ ਬਿਉਰੋ ਦੀ ਭਾਲ ਕਰੋ)।

ਇਸ ਜਾਣਕਾਰੀ ਨੂੰ ਕਿਸੇ ਹੋਰ ਭਾਸ਼ਾ ਜਾਂ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ ask@hris.org.uk ਤੇ ਈ-ਮੇਲ ਕਰੋ।

ਇਹ ਜਾਣਕਾਰੀ ਸਕਾਟਿਸ਼ ਸਰਕਾਰ ਦੀ ਵੈੱਬਸਾਈਟ (www.scotland.gov.uk) ਅਤੇ ਹੈਲਥ ਰਾਈਟ ਇੰਫਾਰਮੇਸ਼ਨ ਸਕਾਟਲੈਂਡ ਦੀ ਵੈੱਬਸਾਈਟ (www.hris.org.uk) ਤੇ ਉਪਲਬਧ ਹੈ।

NHS ਇੰਫਾਰਮ ਦੁਆਰਾ ਪੇਸ਼ ਕੀਤੀ ਗਈ

NHS inform
Health information you can trust

The Scottish Government

ਸੰਸਕਰਨ 2
ਸਤੰਬਰ 2013 ਵਿੱਚ ਪੇਸ਼ ਕੀਤੀ ਗਈ

ISBN: 978-1-78412-452-6 – Punjabi

ਸੰਸ਼ੋਧਨ ਮਿਤੀ ਨਵੰਬਰ 2014

APS Group Scotland
DPPAS14261 (09/13)